*ਨੋਟ: ਹੇਠ ਲਿਖਿਆ ਪ੍ਰਸ਼ਨ **ਕੇਵਲ ਦ੍ਰਿਸ਼ਟੀਹੀਨ ਪ੍ਰੀਖਿਆਰਥੀਆਂ** ਲਈ ਪ੍ਰਸ਼ਨ ਸੰਖਿਆ 21 ਦੇ ਸਥਾਨ ਤੇ ਹੈ :*

(21.1) ਸਰਦਾਰ ਸਰੋਵਰ ਬੰਨ੍ਹ (ਡੈਮ) ਕਿਸ ਰਾਜ ਵਿਚ ਸਥਿਤ ਹੈ ?

(21.2) ਉਸ ਰਾਜ ਦਾ ਨਾਮ ਲਿਖੋ ਜਿਸਨੂੰ 1961 ਵਿਚ ਪੁਰਤਗਾਲ ਦੀ ਅਧੀਨਤਾ ਤੋਂ ਮੁਕਤ ਕਰਾਇਆ ਗਿਆ ਸੀ ।

(21.3) ਮਿਜ਼ੋ ਨੇਸ਼ਨਲ ਫਰੰਟ ਦਾ ਸੰਸਥਾਪਕ ਅਤੇ ਨੇਤਾ ਕੌਣ ਸੀ ?

(21.4) ਕਿਸ ਰਾਜ ਨੂੰ ਧਾਰਾ 370 ਦੇ ਅਧੀਨ ਵਿਸ਼ੇਸ਼ ਦਰਜਾ ਦਿੱਤਾ ਗਿਆ ਹੈ ?

(21.5) ਕਿਹੜਾ ਰਾਜ ਤਾੜੀ ਵਿਰੋਧੀ ਅੰਦੋਲਨ ਦੇ ਲਈ ਜਾਣਿਆ ਜਾਂਦਾ ਹੈ ? *1×5=5*

## ਖੰਡ ੲ

**22.** ਰਾਜਨੀਤੀ ਵਿਗਿਆਨ ਦੇ ਵਿਦਿਆਰਥੀ ਦੇ ਰੂਪ ਵਿਚ, ਤੁਸੀਂ 1975 ਵਿਚ ਲਗਾਏ ਗਏ ਅਪਾਤਕਾਲ ਤੋਂ ਕਿਹੜੇ ਤਿੰਨ ਸਬਕ ਸਿਖਦੇ ਹੋ ? *2×3=6*

**ਜਾਂ**

1969 ਵਿਚ ਕਾਂਗਰੇਸ ਪਾਰਟੀ ਨੂੰ ਵੰਡ ਤੋਂ ਬਚਾਣ ਵਿਚ ਮਦਦਗਾਰ ਹੋ ਸਕਣ ਵਾਲੇ ਕੋਈ ਤਿੰਨ ਉਪਾ ਸੁਝਾਓ । *2×3=6*

**23.** ਭਾਰਤ ਅਤੇ ਨੇਪਾਲ ਦੇ ਦਰਮਿਆਨ ਸੈਹਕਾਰਤਾ ਅਤੇ ਅਸੈਹਮਤੀ ਦੇ ਕਿਸੇ ਦੋ ਦੋ ਖੇਤਰਾਂ ਦਾ ਵਰਨਨ ਕਰੋ । $1\frac{1}{2}\times4=6$

**ਜਾਂ**

ਠੰਢੀ ਜੰਗ ਦੇ ਖਾਤਮੇ ਤੋਂ ਪਿੱਛੋਂ ਭਾਰਤ – ਚੀਨ ਦੇ ਦਰਮਿਆਨ ਸੰਬੰਧਾਂ ਵਿਚ ਮਹਤਵਪੂਰਨ ਬਦਲਾਵ ਆਏ ਹਨ । ਅਜੇਹੇ ਕਿਸੇ ਚਾਰ ਬਦਲਾਵਾਂ ਦਾ ਵਰਨਨ ਕਰੋ । $1\frac{1}{2}\times4=6$

**24.** ‘‘ਭਾਰਤ ਦੇ ਪਹਿਲੇ ਤਿੰਨ ਆਮ ਚੁਨਾਵਾਂ ਵਿਚ, ਕਾਂਗਰੇਸ ਪਾਰਟੀ ਦੀ ਚੌਧਰ ਦਾ ਭਾਰਤੀ ਰਾਜਨੀਤੀ ਦੀ ਲੋਕਤੰਤਰੀ ਪ੍ਰਕਿਰਤੀ ਉਪਰ ਕੋਈ ਨਕਾਰਾਤਮਕ ਅਸਰ ਨਹੀਂ ਪਿਆ ।’’ ਇਸ ਕਥਨ ਦੇ ਪੱਖ ਵਿਚ ਕੋਈ ਤਿੰਨ ਦਲੀਲਾਂ ਦਿਓ । *2×3=6*

**ਜਾਂ**

‘‘ਭਾਰਤ ਵਿਚ ਲਾਗੂ ਕੀਤੀ ਗਈ ਮਿਸ਼ਰਤ ਅਰਥਵਿਵਸਥਾ ਦੇ ਮਾਡਲ ਦੀ ਆਲੋਚਨਾ ਖੱਬੇ ਪੱਖੀ ਅਤੇ ਸੱਜੇ ਪੱਖੀ ਦੋਹਾਂ ਦੇ ਰਾਹੀਂ ਖੁਲ ਕੇ ਕੀਤੀ ਗਈ ।’’ ਇਸ ਕਥਨ ਦੇ ਪੱਖ ਵਿਚ ਕੋਈ ਤਿੰਨ ਦਲੀਲਾਂ ਦਿਓ । *2×3=6*

